ਬਿਜਲੀ ਬੋਰਡ ਸੰਚਾਰਣ ਤੇ ਵੰਡ ਦੇ ਘਾਟੇ ਨੂੰ 15 ਫ਼ੀਸਦੀ 'ਤੇ ਲਿਆਉਣ ਲਈ ਯਤਨਸ਼ੀਲ-ਇੰਜ. ਬਰਾੜ

ਪਟਿਆਲਾ, 13 ਫਰਵਰੀ (ਅ.ਬ.)- ਇੰਜ: ਹਰਿੰਦਰ ਸਿੰਘ ਬਰਾੜ ਚੇਅਰਮੈਨ ਪੰ: ਰਾ: ਬਿ: ਬੋ: ਨੇ ਅੱਜ ਇੱਥੇ ਦੱਸਿਆ ਕਿ ਬਿਜਲੀ ਬੋਰਡ ਸੰਚਾਰਣ ਤੇ ਵੰਡ ਦੇ ਘਾਟਿਆਂ ਨੂੰ ਹੁਣ ਦੇ 19.91% ਤੋਂ 2010 ਤੱਕ 15% ਤੇ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਇਨਫੋਰਸਮੈਂਟ ਅਤੇ ਵੰਡ ਮਹਿਕਮਿਆਂ ਨੂੰ ਬਿਜਲੀ ਚੋਰੀ ਦੀ ਲਾਹਨਤ ਤੇ ਨਕੇਲ ਪਾਉਣ ਲਈ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਮੰਤਵ ਲਈ ਪੰਜਾਬ ਸਰਕਾਰ ਨੇ ਬੋਰਡ ਦੇ ਪੰਜ ਜ਼ੋਨਾਂ ਜਿਵੇਂ ਕਿ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਵਿੱਚ ਸਪੈਸ਼ਲ ਪੁਲਿਸ ਥਾਣੇ ਵੀ ਕਾਇਮ ਕੀਤੇ ਹਨ ਜਿਨ੍ਹਾਂ ਵਿਚ ਬਿਜਲੀ ਚੋਰੀ ਖਿਲਾਫ ਲਗਾਤਾਰ ਚੋਰੀ ਦੀਆਂ ਰਿਪੋਰਟਾਂ ਦਰਜ ਹੋ ਰਹੀਆਂ ਹਨ। ਬਿਜਲੀ ਚੋਰੀ ਦੇ ਨਤੀਜਿਆਂ ਤੋਂ ਖਪਤਕਾਰਾਂ ਨੂੰ ਰੇਡੀਓ, ਟੀ.ਵੀ. ਤੇ ਪ੍ਰਿੰਟ ਮੀਡੀਏ ਰਾਹੀਂ ਜਾਣੂ ਵੀ ਕਰਵਾਇਆ ਜਾ ਰਿਹਾ ਹੈ। ਚੇਅਰਮੈਨ ਨੇ ਜ਼ਾਹਿਰ ਕੀਤਾ ਕਿ 12-02-2010 ਨੂੰ ਅੰਮ੍ਰਿਤਸਰ ਅਤੇ ਨਾਲ ਦੇ ਇਲਾਕਿਆਂ ਵਿਚ ਬਿਜਲੀ ਚੋਰੀ ਦੇ ਖਿਲਾਫ਼ ਮੁਹਿੰਮ ਨੂੰ ਵੱਡੇ ਪੱਧਰ ਤੇ ਸਫ਼ਲਤਾ ਮਿਲੀ। ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਵੇਰਕਾ, ਮਜੀਠਾ, ਛੇਹਰਟਾ, ਜੰਡਿਆਲਾ ਗੁਰੂ, ਸੁਲਤਾਨਵਿੰਡ, ਛਟੀਵਿੰਡ, ਲਾਰੈਂਸ ਰੋਡ, ਬਟਾਲਾ ਰੋਡ, ਅਜਨਾਲਾ ਰੋਡ, ਮਜੀਠਾ ਰੋਡ, ਮਾਲਮੰਡੀ, ਤਰਨਤਾਰਨ, ਗੋਇੰਦਵਾਲ ਸਾਹਿਬ, ਝਵਾਲ, ਰਈਆ ਤੇ ਬਟਾਲਾ ਵਿਖੇ 500 ਕਿਲੋਵਾਟ ਜਾਂ ਇਸ ਤੋਂ ਵੱਧ ਲੋਡ ਵਾਲੇ ਕੁਨੈਕਸ਼ਨਾਂ ਨੂੰ ਚੈੱਕ ਕਰਨ ਲਈ ਬੋਰਡ ਦੇ ਇਨਫੋਰਸਮੈਂਟ ਵਿੰਗ ਦੀਆਂ 26 ਟੀਮਾਂ ਇੰਜ ਐਚ.ਐਸ. ਰੰਧਾਵਾ, ਚੀਫ਼ ਇੰਜੀਨੀਅਰ ਦੀ ਅਗਵਾਈ ਹੇਠ ਗਠਿਤ ਕੀਤੀਆਂ ਗਈਆਂ ਜਿਨ੍ਹਾਂ 88 ਕੁਨੈਕਸ਼ਨ ਚੈਕ ਕੀਤੇ ਜਿਨ੍ਹਾਂ ਵਿੱਚੋਂ 29 ਕੁਨੈਕਸ਼ਨ ਬਿਜਲੀ ਚੋਰੀ ਕਰਦੇ ਫੜ੍ਹੇ ਗਏ ਅਤੇ ਉਨ੍ਹਾਂ 'ਤੇ 74 ਲੱਖ ਦਾ ਜ਼ੁਰਮਾਨ ਪਾਇਆ ਗਿਆ। ਚੇਅਰਮੈਨ ਨੇ ਚੋਰੀ ਦੀ ਇੱਕ ਮਿਸਾਲ ਦਿੰਦਿਆਂ ਕਿਹਾ ਕਿ ਰਈਏ ਨੇੜਲੇ ਇਕ ਰੈਸਟੋਰੈਂਟ ਵਿਖੇ ਸਿੱਧੀ ਕੁੰਡੀ ਪਾ ਕੇ ਬਿਜਲੀ ਚੋਰੀ ਕੀਤੀ ਜਾ ਰਹੀ ਸੀ ਜਦੋਂਕਿ ਇਿ ਰੈਸਟੋਰੈਂਟ ਵਿੱਚ 21 ਜਨਵਰੀ 2010 ਨੂੰ ਵੀ ਚੋਰੀ ਫੜ੍ਹੀ ਗਈ ਸੀ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਬੋਰਡ ਨੇ ਰੈਸਟੋਰੈਂਟ ਤੇ 27 ਲੱਖ ਰੁਪਏ ਦਾ ਜ਼ੁਰਮਾਨ ਪਾਇਆ ਤੇ ਮੌਕੇ 'ਤੇ ਹੀ ਸਬੰਧਿਤ ਐਸ.ਡੀ.ਓ. ਇੰਜ. ਰਸ਼ਪਾਲ ਦਾਸ ਅਤੇ ਜੇ.ਈ. ਨਰਿੰਦਰ ਸਿੰਘ ਮੁਅੱਤਲ ਕਰ ਦਿੱਤਾ। ਇੰਜ: ਬਰਾੜ ਨੇ ਕਿਹਾ ਕਿ ਚੋਰੀ ਦੀ ਲਾਹਨਤ ਨੂੰ ਰੋਕਣਾ ਬਹੁਤ ਲਾਜ਼ਮੀ ਹੈ ਕਿਉਂਕਿ ਇਸ ਨਾਲ ਸਿਸਟਮ ਤੇ ਵਾਧੂ ਬਿਜਲੀ ਦੇ ਕੱਟ ਝੱਲਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਬੋਰਡ ਬਿਜਲੀ ਚੋਰੀ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ ਤੇ ਚੇਤਾਵਨੀ ਦਿੱਤੀ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਜੇ ਕਿਸੇ ਬੋਰਡ ਦੇ ਅਫ਼ਸਰ ਦੀ ਮਿਲੀਭੁਗਤ ਪਾਈ ਗਈ ਤਾਂ ਉਸ ਨੂੰ ਸਖ਼ਤ ਨਤੀਜੇ ਭੁਗਤਣੇ ਪੈ ਸਕਦੇ ਹਨ। ਇਸ ਤਰ੍ਹਾਂ ਦੇ ਇੱਕ ਰਾਜਪੁਰੇ ਵਿਖੇ ਬਿਜਲੀ ਚੋਰੀ ਦੇ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਚੋਰੀ ਕਰ ਰਹੇ ਉਦਯੋਗਿਕ ਯੂਨਿਟ ਤੇ ਬੋਰਡ ਵੱਲੋਂ 2.09 ਕਰੋੜ ਰੁਪਏ ਜ਼ੁਰਮਾਨ ਪਾਇਆ ਗਿਆ ਅਤੇ ਬੋਰਡ ਦੇ ਦੋ ਸੀਨੀਅਰ ਐਕਸੀਅਨ, ਇੱਕ ਐ.ਡੀ. ਓ. ਅਤੇ ਇੱਕ ਜੇ.ਈ. ਮੁਅੱਤਲ ਕਰ ਦਿੱਤੇ ਗਏ। ਚੇਅਰਮੈਨ ਨੇ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਬਿਜਲੀ ਚੋਰੀ ਦੀ ਲਾਹਨਤ ਤੋਂ ਗੁਰੇਜ਼ ਕਰਨ ਜਿਸ ਦੇ ਨਤੀਜੇ ਭਾਰੀ ਜ਼ੁਰਮਾਨੇ ਤੇ ਪੁਲਿਸ ਕੇਸ ਹੋ ਸਕਦੇ ਹਨ।

'84 ਕਤਲੇਆਮ ਦੇ ਦੋਸ਼ੀ ਟਾਈਟਲਰ ਨੂੰ ਕਲੀਨ ਚਿੱਟ ਦੇਣਾ ਲੋਕਤੰਤਰ ਦਾ ਘਾਣ

ਗੜ੍ਹਸ਼ੰਕਰ 13 ਫਰਵਰੀ (ਰਮਨਦੀਪ ਸਿੰਘ ਅਰੋੜਾ)- ਦੇਸ਼ ਦੀ ਪ੍ਰੱਮੁਖ ਜਾਂਚ ਏਜੰਸੀ ਸੀ ਬੀ ਆਈ ਵਲੋਂ 1984 ਸਿੱਖ ਕੱਤਲੇਆਮ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਸਾਬਕਾ ਕੇਂਦਰੀ ਮੰਤਰੀ ਨੂੰ '84 ਦੰਗਿਆ ਤੋਂ ਕਲੀਨ ਚਿੱਟ ਦੇਣ ਦੇ ਫੈਸਲੇ ਨਾਲ 25 ਸਾਲਾਂ ਤੋਂ ਇਸਾਫ ਲਈ ਦਰ-ਦਰ ਭਟਕ ਰਹੇ ਪੰਜਾਬੀ ਪੀੜਤ ਪਰਿਵਾਰਾਂ ਦੇ ਜੱਖਮਾਂ ਨੂੰ ਤਾਜਾ ਕਰਦਿਆਂ ਲੋਂਤੰਤਰ ਦਾ ਘਾਣ ਕੀਤਾ ਹੈ ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਸ੍ ਸੋਹਨ ਸਿੰਘ ਠੰਡਲ ਖੇਤੀਬਾੜੀ, ਬਾਗਵਾਨੀ ਰਾਜ ਮੰਤਰੀ ਪੰਜਾਬ ਸਰਕਾਰ, ਬਲਬੀਰ ਸਿੰਗ ਚੰਗਿਆੜਾ ਅੰਤਰ ਰਾਸ਼ਟਰੀ ਸਿੱਖ ਪ੍ਰਚਾਰਕ, ਜਤਿੰਦਰ ਸਿੰਘ ਲਾਲੀ ਬਾਜਵਾ ਜਿਲ੍ਹਾ ਪ੍ਰਧਾਨ ਯੂਥ ਵਿੰਗ, ਇਕਬਾਲ ਸਿੰਘ ਖੇੜਾ ਮੈਂਬਰ ਜਨਰਲ ਕੌਂਸਲ, ਹਰਪ੍ਰੀਤ ਸਿੰਘ ਰਿੱਕੂ ਬੇਦੀ ਸਰਕਲ ਪ੍ਰਧਾਨ, ਕੁਲਵੰਤ ਸਿੰਘ ਬਿੱਟੂ ਬੇਦੀ, ਬਲਬੀਰ ਸਿੰਘ ਰੁੜਕੀ ਖਾਸ ਨੇ ਸਾਂਝੇ ਤੋਰ ਤੇ ਪ੍ਰਗਟਾਏ। ਉਨਾਂ ਅਗੇ ਕਿਹਾ ਕਿ ਸੀ ਬੀ ਆਈ ਦੇਸ਼ ਦੀ ਜਾਂਚ ਏਜੰਸੀ ਨਾਂ ਹੋ ਕੇ ਕਾਂਗਰਸ ਦੇ ਹੱਥਾਂ ਦੀ ਕੱਟ ਪੁਤਲੀ ਬੱਣਕੇ ਰਹਿ ਗਈ ਹੈ, ਉਨ੍ਹਾਂ ਅਗੇ ਕਿਹਾ ਕਿ ਦੇਸ਼ ਲਈ ਸ਼ਰਮਨਾਕ ਗੱਲ ਹੈ ਕਿ ਇਨ੍ਹਾਂ ਕਤਲੇਆਮ ਦੇ ਦੋਸ਼ੀਆਂ ਨੂੰ ਬਿਨਾਂ ਵਜ੍ਹਾ ਵਾਰ ਵਾਰ ਕਲੀਨ ਚਿੱਟ ਦੇ ਸਮਾਜ 'ਚੋਂ ਇੰਸਾਫ ਜਹੇ ਸ਼ਬਦ ਨੂੰ ਖਤਮ ਕੀਤਾ ਜਾ ਰਿਹਾ ਹੈ, ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਸਮਾਜ ਦੀਆਂ ਸਮੂਹ ਜਥੇਬੰਦੀਆਂ ਨੂੰ ਇਕ ਮੰਚ ਤੇ ਇਕੱਠੇ ਹੋਣ ਦੀ ਲੋੜ ਹੈ ਤਾਂ ਜੋ '84 ਕਤਲੇਆਮ 'ਚ ਹੋਈ ਔਰਤਾਂ ਦੀ ਬੇ-ਪੱਤੀ ਕਤਲੇਆਮ ਅਤੇ ਬਚਿਆਂ ਦੇ ਗੱਲਾਂ 'ਚ ਜੱਲਦੇ ਟਾਇਰ ਪਾ ਕੇ ਦਰਦਨਾਕ ਮੌਤ ਦੇਣ ਵਾਲੇ ਇਨ੍ਹਾਂ ਦਰਿੰਦੀਆਂ ਨੂੰ ਸਜਾ ਦਵਾਈ ਜਾਵੇ ਤਾਂ ਜੋ ਸਮਾਜ ਵਿਚੋਂ ਅਲੋਪ ਹੋ ਰਹੇ ਇੰਸਾਫ ਜਹੇ ਸ਼ਬਦ ਨੂੰ ਜਿੰਦਾ ਰਖਿਆ ਜਾ ਸਕੇ ਅਤੇ ਨਿਰਪੱਖ ਲੋਕਤੰਤਰ ਦਾ ਨਿਰਮਾਣ ਹੋ ਸਕੇ।

ਯੂਥ ਕਲੱਬਾਂ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕਰਨ

ਮੌੜ ਮੰਡੀ, 13 ਫਰਵਰੀ (ਸ਼ਾਮ ਲਾਲ ਜੋਧਪੁਰੀਆ)-ਨਹਿਰੂ ਯੁਵਾ ਕੇਂਦਰ ਮਾਨਸਾ ਨਾਲ ਸਬੰਧਤ ਜ਼ਿਲ੍ਹਾ ਸਲਾਹਕਾਰ ਕੌਂਸਲ ਯੂਥ ਪ੍ਰੋਗਰਾਮ ਦੀ ਮੀਟਿੰਗ ਸ. ਬਲਜੀਤ ਸਿੰਘ ਸੰਧੂ ਏ. ਡੀ. ਸੀ. ਵਿਕਾਸ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਏ.ਡੀ. ਵਿਕਾਸ ਸੰਧੂ ਨੇ ਨਹਿਰੂ ਯੁਵਾ ਕੇਂਦਰ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਕਲੱਬਾਂ ਵੱਲੋਂ ਨਸ਼ਿਆਂ ਦੇ ਖਿਲਾਫ਼ ਮੁਹਿੰਮ ਸ਼ੁਰੂ ਕਰਵਾਉਣ। ਸ੍ਰੀ ਸੰਧੂ ਨੇ ਇਹ ਵੀ ਕਿਹਾ ਕਿ ਨਸ਼ੇ ਛੱਡਣ ਲਈ ਦਵਾਈਆਂ ਨਾਲੋਂ ਨਸ਼ਾ ਛੱਡਣ ਵਾਲੇ ਵਿਅਕਤੀ ਦੀ ਇੱਛਾ ਸ਼ਕਤੀ ਜ਼ਿਆਦਾ ਕੰਮ ਕਰਦੀ ਹੈ। ਜ਼ਿਲ੍ਹੇ ਦੀਆਂ 4 ਕਲੱਬਾਂ ਨੂੰ ਪਹਿਲੇ ਦਰਜੇ ਅਤੇ ਅੱਠ ਕਲੱਬਾਂ ਨੂੰ ਦੂਸਰੇ ਦਰਜੇ ਦੀ ਚੋਣ ਸਬੰਧੀ ਉਨ੍ਹਾਂ ਸਮੂਹ ਹਾਊਸ ਦੇ ਸਾਹਮਣੇ ਬਲਾਉਣ ਲਈ ਕਿਹਾ। ਇਸ ਤੋਂ ਪਹਿਲਾਂ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਨਹਿਰੂ ਯੁਵਾ ਕੇਂਦਰ ਦੀ ਯੂਥ ਕੁਆਰਡੀਨੇਟਰ ਸ੍ਰੀਮਤੀ ਪਰਮਜੀਤ ਸੋਹਲ ਨੇ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਵੱਲੋਂ ਪਿਛਲੀ ਤਿਮਾਹੀ ਵਿੱਚ ਜ਼ਿਲ੍ਹਾ ਯੂਥ ਕਨਵੈਸ਼ਨ, ਨਹਿਰੂ ਯੁਵਾ ਕੇਂਦਰ ਦਾ ਸਥਾਪਨਾ ਦਿਵਸ ਜ਼ਿਲ੍ਹਾ ਪੱਧਰੀ ਸਭਿਆਚਾਰ ਮੇਲਾ, ਪੇਂਡੂ ਖੇਡ ਟੂਰਨਾਮੈਂਟ, ਵਰਕ ਕੈਂਪ ਅਤੇ ਕੌਮੀ ਯੁਵਾ ਹਫ਼ਤੇ ਮਨਾਏ ਗਏ ਹਨ। ਮੀਟਿੰਗ ਵਿਚ ਬੋਲਦਿਆਂ ਲੀਡ ਬੈਂਕ ਮੈਨੇਜਰ ਸ੍ਰੀ ਤੁਲਸੀ ਰਾਮ ਸਿੰਗਲਾ ਨੇ ਨਹਿਰੂ ਯੁਵਾ ਕੇਂਦਰ ਨਾਲ ਸਬੰਧਤ ਵਲੰਟੀਅਰ ਨੂੰ ਬੈਂਕ ਵੱਲੋਂ ਚੱਲ ਰਹੀ ਸਵੈ ਰੁਜ਼ਗਾਰ ਟਰੇਨਿੰਗ ਵਿੱਚ ਹਿੱਸਾ ਲੈਣ ਲਈ ਕਿਹਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨਹਿਰੂ ਯੁਵਾ ਕੇਂਦਰ ਦੇ ਲੇਖਾਕਾਰ ਸ੍ਰੀ ਸੰਦੀਪ ਨੇ ਦੱਸਿਆ ਕਿ ਵਲੰਟੀਅਰ ਦੀ ਭਰਤੀ ਲਈ ਪਿਛਲੀਆਂ ਚੱਲ ਰਹੀਆਂ ਰਾਸ਼ਟਰੀ ਸੇਵਾ ਕਰਮੀਆਂ ਅਤੇ ਯੁਵਾ ਸਾਥੀ ਦੀ ਸਕੀਮ ਨੂੰ ਬੰਦ ਕਰਕੇ ਨੈਸ਼ਨਲ ਯੂਥ ਕੋਰਪਸ ਨਾਮ ਦੀ ਸਕੀਮ ਚਾਲੂ ਕੀਤੀ ਗਈ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਹੇਲ ਗੋਇਲ, ਸ੍ਰੀ ਕੇ.ਕੇ. ਸਿੰਗਲਾ, ਸ੍ਰੀ ਜਸਵੀਰ, ਸ੍ਰੀ ਤੁਲਸੀ ਰਾਮ ਸਿੰਗਲਾ, ਰਜਨੀ ਧਲੇਵਾ, ਜੋਨੀ ਮਿੱਤਲ, ਸੋਹਣ ਸਿੰਘ, ਨੈਸ਼ਨਲ ਯੂਥ ਐਵਾਰਡੀ ਸੰਦੀਪ ਤੇ ਕਰਮਜੀਤ ਰਾਠੀ ਹਾਜ਼ਰ ਸਨ।

ਡੈਮੋਕ੍ਰੇਟਿਕ ਟੀਚਟਰਜ਼ ਫਰੰਟ ਦੀ ਮੀਟਿੰਗ ਹੋਈ

ਤਲਵੰਡੀ ਸਾਬੋ, 13 ਫਰਵਰੀ (ਰਣਜੀਤ ਸਿੰਘ ਰਾਜੂ)-ਜ਼ਿਲ੍ਹਾ ਪ੍ਰੀਸ਼ਦ ਸਕੂਲਾਂ ਦੇ ਅਧਿਆਪਕਾਂ ਦੇ ਸੰਘਰਸ਼ ਨੂੰ ਗਲਤ ਢੰਗ ਨਾਲ ਦਬਾਉਣ ਦੇ ਵਿਰੋਧ ਵਜੋਂ ਅੱਜ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੀ ਇੱਕ ਮੀਟਿੰਗ ਬਲਾਕ ਪ੍ਰਧਾਨ ਬੂਟਾ ਸਿੰਘ ਰੋਮਾਣਾ ਦੀ ਪ੍ਰਧਾਨਗੀ ਹੇਠ ਹੋਈ। ਮਟਿੰਗ ਵਿੱਚ ਡੀ.ਟੀ.ਐੱਫ. ਦੇ ਸਕੱਤਰ ਜਗਪਾਲ ਸਿੰਘ ਬੰਗੀ ਨੇ ਦੋਸ਼ ਲਾਇਆ ਕਿ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧਿਆਪਕਾਂ ਦੀਆਂ ਘਰੋ ਘਰੀ ਜਾ ਕੇ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਬੇਇਨਸਾਫੀ ਹੈ। ਕਿਉਂਕਿ ਅਕਾਲੀ ਦਲ ਨੇ ਸਰਕਾਰ ਬਣਨ ਤੋਂ ਪਹਿਲਾਂ ਚੋਣ ਮੈਨੀਫੈਸਟਡੋ ਵਿੱਚ ਵਾਅਦਾ ਕੀਤਾ ਸੀ ਕਿ ਜ਼ਿਲ੍ਹਾ ਪ੍ਰੀਸ਼ਦ ਸਕੂਲਾਂ ਦੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਵਾਪਸ ਲਿਆ ਜਾਵੇਗਾ। ਇਸ ਮੌਕੇ ਅਧਿਆਪਕ ਦਲ ਦੇ ਗੁਰਮੇਲ ਸਿੰਘ ਮਲਕਾਣਾ, ਬਿਜਲੀ ਬੋਰਡ ਦੇ ਧੰਨਾ ਸਿੰਘ, ਕਿਸਾਨ ਆਗੂ ਗੁਰਚਰਨ ਲੇਲ੍ਹੇਵਾਲਾ ਵਿਸੇਸ਼ ਤੌਰ 'ਤੇ ਹਾਜ਼ਰ ਸਨ।

ਸ੍ਰੀ ਮਨੋਰੰਜਨ ਕਾਲੀਆ ਸਥਾਨਕ ਸਰਕਾਰਾਂ, ਉਦਯੋਗ ਅਤੇ ਕਾਮਰਸ ਮੰਤਰੀ ਪੰਜਾਬ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ। ਉਨ੍ਹਾਂ ਦੇ ਨਾਲ ਸ੍ਰੀ. ਸੀ. ਰਾਉਲ ਪ੍ਰਿੰਸੀਪਲ ਸਕੱਤਰ ਸਥਾਨਕ ਸਰਕਾਰਾਂ ਅਤੇ ਸ੍ਰੀ ਵਿਨੈ ਬੁਬਲਾਨੀ ਕਮਿਸ਼ਨਰ ਨਗਰ ਨਿਗਮ ਜਲੰਧਰ ਦਿਖਾਈ ਦੇ ਰਹੇ ਹਨ। ਫੋਟੋ ਕੁਲਦੀਪ ਸਿੰਘ

ਪਿੰਡ ਨਾਗ ਕਲਾਂ ਵਿਖੇ ਸ਼ਗਨ ਸਕੀਮ ਦੇ ਲਾਭਪਾਤਰੀਆ ਨੂੰ ਚੈਕ ਦੇਣ ਸਮੇਂ ਸਰਪੰਚ ਸੁਖਵੰਤ ਸਿੰਘ ਸਮੇਤ ਪੰਚਾਇਤ ਤੇ ਨਾਲ ਖੜ੍ਹੇ ਲਾਭਪਾਤਰੀ।

ਪਿੰਡ ਨਾਗ ਕਲਾਂ ਵਿਖੇ 1,80,000 ਰੁਪੇ ਦੇ ਸ਼ਗਨ ਸਕੀਮ ਦੇ ਚੈਕ ਦਿੱਤੇ

ਮਜੀਠਾ, 13 ਫਰਵਰੀ (ਪ.ਪ.) ਪੰਜਾਬ ਸਰਕਾਰ ਵਲੋਂ ਗਰੀਬ, ਅੰਗਹੀਣ, ਬੇਸਹਾਰਾ ਤੇ ਬਜੁਰਗਾ ਲਈ ਚਲਾਈਆਂ ਗਈਆਂ ਲੋਕ ਭਲਾਈ ਸਕੀਮਾ ਤਹਿਤ ਸ੍ ਬਿਕਰਮ ਸਿੰਘ ਮਜੀਠੀਆ ਦੇ ਹੁਕਮਾ ਤੇ ਹਲਕਾ ਮਜੀਠਾ ਦੇ ਪਿੰਡ ਨਾਗ ਕਲਾਂ ਵਿਖੇ ਸਰਪੰਚ ਸੁਖਵੰਤ ਸਿੰਘ ਵਲੋ ਸਮੂਹ ਪੰਚਾਇਤ ਦੀ ਹਾਜਰੀ ਵਿੱਚ ਗਰੀਬ ਲੜਕੀਆਂ ਦੇ ਵਿਆਹ ਲਈ ਸ਼ਗਨ ਸਕੀਮ ਦੇ ਪੰਦਰਾ ਪੰਦਰਾ ਹਜਾਰ ਰੁਪੇ ਦੇ ਚੈਕ ਪਿੰਡ ਦੇ ਕਰੀਬ 12 ਗਰੀਬ ਲਾਭਪਾਤਰੀਆਂ ਦਿਤੇ ਗਏ, ਜਿਨ੍ਹਾ ਵਿੱਚ ਨਿਸ਼ਾਨ ਸਿੰਘ, ਮੁਖਾ ਸਿੰਘ, ਧੀਰਾ ਸਿੰਘ, ਕੁਲਵੰਤ ਕੌਰ, ਧੀਰੋ, ਲਛਮਣ, ਮਹੀਦਾ ਸਿੰਘ, ਜਗਤਾਰ ਸਿੰਘ, ਬਖਸ਼ੀਸ਼ ਮਸੀਹ, ਗੁਰਦੀਪ ਕੌਰ, ਬਿਲੂ, ਚੈਂਚਲ ਸਿੰਘ ਆਦਿ ਪ੍ਰੀਵਾਰਾ ਦੀਆਂ ਲੜਕੀਆਂ ਦੇ ਵਿਆਂਹਾ ਤੇ ਕਰੀਬ ਇਕ ਲੱਖ ਅੱਸੀ ਹਜਾਰ ਰੁਪੇ ਦੀ ਰਾਸ਼ੀ ਦੇ ਚੈਕ ਦਿਤੇ ਗਏ। ਇਸ ਸਮੇ ਸਰਪੰਚ ਸੁਖਵੰਤ ਸਿੰਘ ਨੇ ਪਤਰਕਾਰਾਂ ਨੂੰ ਦੱਸਿਆ ਕਿ ਇਹ ਪਹਿਲੀ ਵਾਰ ਵੇਖਣ ਵਿੱਚ ਆਇਆ ਹੈ ਕਿ ਇਨ੍ਹਾ ਲੋਕ ਭਲਾਈ ਸਕੀਮਾ ਦਾ ਲਾਭ ਬਿਨਾ ਕਿਸੇ ਖਜ਼ਲ ਖੁਆਰੀ ਦੇ ਘਰ ਘਰ ਲਾਭਪਾਤਰੀਆਂ ਤੱਕ ਪਹੁੰਚ ਰਿਹਾ ਹੈ। ਇਸ ਸਮੇ ਸਰਪੰਚ ਸੁਖਵੰਤ ਸਿੰਘ, ਮਾਸਟਰ ਗੁਰਪ੍ਰੀਤ ਸਿੰਘ ਥਿੰਦ, ਪੰਚ ਬਲਦੇਵ ਸਿੰਘ, ਪੰਚ ਦਲਬੀਰ ਸਿੰਘ, ਪੰਚ ਗੁਰਮੀਤ ਕੌਰ, ਪੰਚ ਭੁਪਿੰਦਰ ਕੌਰ, ਬਲਵਿੰਦਰ ਸਿੰਘ ਚੰਦੀ, ਬਾਬਾ ਮੁਖਤਾਰ ਸਿੰਘ, ਦਰਸ਼ਣ ਸਿੰਘ, ਦਲਬੀਰ ਮਸੀਹ, ਸਰਬਜੀਤ ਸਿੰਘ ਗਿੱਲ ਆਦਿ ਹਾਜ਼ਰ ਸਨ।

ਗੜ੍ਹਸ਼ੰਕਰ ਵਿਖੇ ਕਾਲਜ 'ਚ ਹਵਨ ਯੱਗ ਕਰਵਾਏ ਜਾਣ ਦਾ ਦ੍ਰਿਸ਼। ਫੋਟੋ: ਰਮਨਦੀਪ ਅਰੋੜਾ

ਉਧਨੋਵਾਲ ਵਿਖੇ ਸ਼ਿਵਰਾਤਰੀ ਮਨਾਈ

ਬਲਾਚੌਰ, 13 ਫਰਵਰੀ (ਵਿਜੇ ਉਧਨੋਵਾਲੀਆ)- ਇੱਥੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਉਧਨੋਵਾਲ ਦੇ ਸ਼ਿਵ ਮੰਦਿਰ ਵਿਖੇ ਪਿੰਡ ਵਾਸੀਆਂ ਵੱਲੋਂ ਸ਼ਿਵਰਾਤਰੀ ਦਿਹਾੜੀ ਬੜੀ ਸ਼ਰਧਾ ਅਤੇ ਸਤਿਕਾਰ ਹਿੱਤ ਮਨਾਇਆ ਗਿਆ। ਇਸ ਸਬੰਧੀ ਵਿਸਥਾਰਪੂਰਵਕ ਜਾਣਨਾਰੀ ਦਿੰਦਿਆਂ ਸ਼ਿਵ ਮੰਦਿਰ ਕਮੇਟੀ ਉਧਨੋਵਾਲ ਦੇ ਪ੍ਰਧਧਨ ਸ੍ਰੀ ਬਾਲ ਕ੍ਰਿਸ਼ਨ ਠੇਕੇਦਾਰ ਨੇ ਦੱਸਿਆ ਕਿ ਇੱਥੇ ਦਿਹਾੜੇ ਦੀ ਸ਼ੁਭ ਸ਼ੁਰੂਆਤ ਤੜਕੇ ਪੰਜ ਵਜੇ ਕੱਢੀ ਗਈ ਪ੍ਰਭਾਤ ਫੇਰੀ ਨਾਲ ਕੀਤੀ ਗਈ। ਇਸ ਉਪਰੰਤ ਸਵੇਰੇ ਦਸ ਵਜੇ ਹਵਨਯੱਗ ਕੀਤਾ ਗਿਆ ਜਿਸ ਵਿੱਚ ਸਮੂਹ ਪਿੰਡ ਵਾਸੀਆਂ ਅਤੇ ਬਾਹਰੋਂ ਆਈਆਂ ਸੰਗਤਾਂ ਨੇ ਅਹੂਤੀ ਪਾਈ। ਇਸ ਉਪਰੰਤ ਸੰਗਤਾਂ ਨੇ ਸ਼ਿਵ ਮੰਦਿਰ ਵਿੱਚ ਨਤਮਸਤਕ ਹੋ ਕੇ ਜਿੱਥੇ ਮੱਥਾ ਟੇਕਿਆ। ਉੱਥੇ ਆਪਣੀਆਂ ਮਨੋ ਕਾਮਨਾਵਾਂ ਪੂਰੀਆਂ ਕਰਨ ਲਈ ਸ਼ਿਵ ਮਹਾਰਾਜ ਜੀ ਦੇ ਮੰਦਿਰ ਵਿਚ ਫਰਿਆਦ ਵੀ ਕੀਤੀ। ਇਸ ਉਪਰੰਤ ਲੰਗਰ ਦੀ ਸ਼ੁਰੂਆਤ ਕੀਤੀ ਗਈ ਜੋ ਕਿ ਦਿਨ ਬਾਰਾਂ ਵਜੇ ਤੋਂ ਲੈ ਕੇ ਸ਼ਾਮ ਪੰਜ ਵਜੇ ਤੱਕ ਅਤੁੱਟ ਵਰਤਾ ਲਿਆ ਗਿਆ।

ਕਾਲਜ 'ਚ ਹਵਨ ਯੱਗ ਕਰਵਾਇਆ

ਗੜ੍ਹਸ਼ੰਕਰ 13 ਫਰਵਰੀ (ਰਮਨਦੀਪ ਸਿੰਘ ਅਰੋੜਾ)- ਇੱਥੇ ਸ਼ਿਵਰਾਤਰੀ ਦੇ ਪਾਵਨ ਦਿਹਾੜੇ ਮੌਕੇ ਡੀ.ਏ.ਵੀ ਕਾਲਜ ਫਾਰ ਗਰਲਜ਼ ਅਤੇ ਪੀ.ਡੀ ਬੇਦੀ ਸਕੂਲ ਗੜ੍ਹਸ਼ੰਕਰ ਵੱਲੋਂ ਸਾਂਝੇ ਤੌਰ 'ਤੇ ਹਵਨਯੱਗ ਕੀਤਾ ਗਿਆ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਨੇ ਭਜਨ ਗਾਏ। ਡੀ.ਏ. ਵੀ ਕਾਲਜ ਫਾਰ ਗਰਲਜ਼ ਵਿਖੇ ਕਰਵਾਏ ਯੱਗ 'ਚ ਸ੍ਰੀਮਤੀ ਜਸਵੀਰ ਕੌਰ ਮੋਜੀ, ਪ੍ਰਵਾਸੀ ਭਾਰਤੀ ਸੁਦਰਸ਼ਨਾ ਠਾਕੁਰ, ਪੀਦਰ ਠਾਕੁਰ ਆਦਿ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕਰਵਾਏ ਯੱਗ ਉਪਰੰਤ ਬੀਤੇ ਦਿਨੀਂ ਹੋਈਆਂ ਖੇਡਾਂ 'ਚ ਜੇਤੂ ਰਹੀਆਂ ਖਿਡਾਰਨਾਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਚੇਅਰਮੈਨ ਵੀ.ਪੀ. ਬੇਦੀ, ਪ੍ਰਿੰ:ਭਾਰਤੀ ਉਬਰਾਏ, ਪ੍ਰਿੰ:ਸੁਧਾ ਸ਼ਰਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਬਾਬਾ ਮਸਤ ਕਲੰਦਰ ਪੀਰ ਦਾ ਮੇਲਾ ਮਨਾਇਆ

ਫਿਰੋਜ਼ਪੁਰ,13 ਫਰਵਰੀ (ਮਨੋਹਰ ਲਾਲ, ਸੀਮਾ ਠਾਕੁਰ)- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਮਸਤ ਕੰਲਦਰ ਪੀਰ ਦਾ ਮਾਲ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸ੍ਰੀ ਆਦਿ ਧਰਮ ਗ੍ਰੰਥ ਜੀ ਦਾ ਭੋਗ ਪਾਇਆ ਗਿਆ ਅਤੇ ਪ੍ਰਸਿੱਧ ਗਾਇਕ ਜੋੜੀ ਬਲਕਾਰ ਨਖੀਲਾ ਨੇ ਬਾਬਾ ਜੀ ਦੀ ਦਰਗਾਹ ਤੇ ਸੰਗਤਾਂ ਨੂੰ ਆਪਣੀ ਗਾਇਕੀ ਨਾਲ ਨਿਹਾਲ ਕੀਤਾ। ਇਸ ਮੌਕੇ 'ਤੇ ਕਾਂਗਰਸ ਆਈ ਦੇ ਸਾਬਕਾ ਕੈਬਨਿਟ ਮੰਤਰੀ ਪੰਡਿਤ ਬਾਲ ਮੁਕੰਦ ਸ਼ਰਮਾ, ਸ੍ਰੀ ਰਜਿੰਦਰ ਕੁਮਾਰ ਜਨਰਲ ਸਕੱਤਰ ਫਿਰੋਜ਼ਪੁਰ ਜ਼ਿਲ੍ਹਾ, ਮਲੂਕ ਸਿੰਘ ਭੱਦਰੂ ਮਨੁੱਖੀ ਅਧਿਕਾਰ ਭਾਈ ਬਾਲਾ ਜੀ ਸੋਸਾਇਟੀ (ਰਜਿ.) ਸ੍ ਕਸ਼ਮਰ ਸਿੰਘ ਪ੍ਰਦੇਸੀ ਜਨਰਲ ਸਕੱਤਰ ਮਨੁੱਖੀ ਅਧਿਕਾਰ ਭਾਈ ਬਾਲਾ ਜੀ ਸੁਸਾਇਟੀ, ਡਾ: ਇਕਬਾਲ ਸਿੰਘ, ਅਦੇਸ਼ ਸ਼ਰਮਾ ਜਨਰਲ ਸੈਕਟਰੀ ਤੋਂ ਇਲਾਵਾ ਮੇਲਾ ਕਮੇਟੀ ਵਾਇਸ ਪ੍ਰਧਾਨ ਜਗਦੀਸ਼ ਲਾਲ ਗਾਂਧੀ, ਮੀਤ ਪ੍ਰਧਾਨ ਮੋਹਨ ਲਾਲ, ਕਾਲਾ ਸੈਕਟਰੀ ਚੇਅਰਮੈਨ, ਬਾਬਾ ਦਰਸ਼ਨ ਭੱਟੀ

ਬਾਬਾ ਮਸਤ ਕੰਲਦਰ ਪੀਰ ਦਾ ਮੇਲਾ ਮਨਾਏ ਜਾਣ ਦਾ ਦ੍ਰਿਸ਼। ਫੋਟੋ: ਮਨੋਹਰ ਲਾਲ

ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਨੁਕਸਾਨ

ਮੂਨਕ, 13 ਫਰਵਰੀ (ਚਨਰਜੀਤ ਕੌਰ)- ਥਾਣਾ ਮੂਨਕ ਦੇ ਪਿੰਡ ਕਾਲਬੰਜਾਰਾ ਅਤੇ ਨਾਲ ਲੱਗਦੇ ਪਿੰਡ ਖੰਡੇਬਾਦ ਵਿਖੇ ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪਿੰਡ ਕਾਲਬੰਜਾਰਾ ਵਿਖੇ ਭੋਲਾ ਸਿੰਘ ਪੁੱਤਰ ਬਚਨ ਸਿੰਘ ਕੌਮ ਛੀਬਾ ਦੇ ਘਰ ਸ਼ਾਰਟ ਸਰਕਟ ਨਾਲ ਅੱਗ ਲੱਗ ਗਈ ਜਿਸ ਨਾਲ ਘਰ ਵਿਚ ਪਿਆ ਸਾਰਾ ਸਮਾਨ ਸੜ੍ਹ ਕੇ ਸੁਆਹ ਹੋ ਗਿਆ। ਘਰ ਦੇ ਮਾਲਕ ਭੋਲਾ ਸਿੰਘ ਨੇ ਦੱਸਿਆ ਕਿ ਮੇਰੇ ਘਰ ਵਿੱਚ ਮੌਜੂਦ ਸਮਾਨ ਜਿਵੇਂ ਪੱਖੇ, ਕੂਲਰ, ਬੈਡ, ਮਸ਼ੀਨ ਦੋ ਟੀ.ਵੀ. ਇੱਕ ਡੀ.ਵੀ.ਡੀ. ਪੇਟੀਆਂ ਤਿੰਨ, ਅਲਮਾਰੀ ਇੱਕ, ਅੱਠ ਮੰਜੇ, ਇੱਕ ਪੀੜ੍ਹਾ ਸੈਟ, ਫਰਿਜ਼ ਲੱਗਭੱਗ 49 ਬਿਸਤਰੇ, ਕਣਕ ਸਮੇਤ ਡਰੰਮ, ਕੀਮਤੀ ਸਮਾਨ, 10 ਤੋਲੇ ਸੋਨਾ ਅਤੇ 90 ਹਜ਼ਾਰ ਦੀ ਨਗਦ ਰਾਸ਼ੀ ਅਗਨੀ ਭੇਂਟ ਚੜ੍ਹ ਗਿਆ। ਇਸ ਸਮੇਂ ਭੋਲਾ ਸਿੰਘ ਨੇ ਦੱਸਿਆ ਕਿ ਮੈਂ ਨਵੰਬਰ ਮਹੀਨੇ ਵਿੱਚ ਆਪਣੇ ਲੜਕੇ ਦਾ ਵਿਆਹ ਕੀਤਾ ਸੀ ਉਸ ਦਾ ਕਰਜ਼ਾ ਉਤਾਰਨ ਲਈ ਮੈਂ ਇਹ ਰਾਸ਼ੀ ਕਿਸੇ ਤੋਂ ਕਰਜ਼ ਲਈ ਸੀ। ਇੱਥੇ ਦੱਸਣਯੋਗ ਹੈ ਕਿ ਘਰ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਪ੍ਰੰਤੂ ਉਹ ਨਹੀਂ ਪਹੁੰਚੇ ਪ੍ਰੰਤੂ ਥਾਣਾ ਮੂਕ ਦੇ ਐਸ.ਆਈ. ਬਲਜੀਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਪਿੰਡ ਵਾਸੀਆਂ ਦੀ ਸਹਾਇਤਾ ਨਾਲ ਮੱਚਦੀ ਅੱਗ ਤੇ ਕਾਬੂ ਪਾਇਆ। ਇੱਕ ਗੱਲ ਇੱਥੇ ਦੱਸਣਯੋਗ ਹੈ ਕਿ ਰਸੋਈ ਵਿੱਚ ਪਏ ਦੋ ਸਿਲੰਡਰ ਜੋ ਕਿ ਇੱਕ ਭਰਿਆ ਸੀ ਇਸ ਅੱਗ ਦੀ ਭੇਟ ਤੋਂ ਬੱਚ ਗਿਆ ਜੇਕਰ ਇਸ ਨੂੰ ਅੱਗ ਲੱਗ ਜਾਂਦੀ ਤਾਂ ਨੁਕਸਾਨ ਹੋਰ ਵੀ ਜ਼ਿਆਦਾ ਹੋ ਸਕਦਾ ਸੀ। ਅੱਗ ਨੂੰ ਕਾਬੂ ਪਾਉਣ ਲਈ ਛੱਤਾਂ ਢਾਹ ਕੇ ਕਾਬੂ ਪਾਇਆ। ਇਸ ਦੌਰਾਨ ਪਿੰਡ ਖੰਡੇਬਾਦ ਵਿਖੇ ਸੁਰਜੀਤ ਸਿੰਘ ਪੁੱਤਰ ਨੰਦ ਸਿੰਘ ਦੇ ਘਰ ਵੀ ਬਿਜਲੀ ਸ਼ਾਰਟ ਸਰਕਟ ਨਾਲ ਚੁਬਾਰੇ ਵਿੱਚ ਅੱਗ ਲੱਗ ਗਈ ਜਿਸ ਕਾਰਨ ਚੁਬਾਰੇ ਵਿਚ ਪਿਆ ਸਾਰਾ ਸਮਾਨ ਸੜ੍ਹ ਕੇ ਸੁਆਹ ਹੋ ਗਿਆ। ਸੁਰਜੀਤ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ 9 ਵਜੇ ਦੇ ਲੱਗਭੱਗ ਅੱਗ ਲੱਗਣ ਨਾਲ ਬੈਡ ਸਮੇਤ ਗੱਦੇ ਅਤੇ ਬੈਡ ਵਿੱਚ ਪਏ ਬਿਸਤਰੇ ਤੋਂ ਇਲਾਵਾ ਹੋਰ ਕੱਪੜੇ ਅੱਗ ਨਾਲ ਸੜ੍ਹ ਕੇ ਸੁਆਹ ਹੋ ਗਏ। ਇਸ ਮੌਕੇ ਪਿੰਡ ਦੇ ਪੰਚਾਇਤ ਸਕੱਤਰ ਹਰਦੀਪ ਸਿੰਘ, ਸਮਾਜ ਸੇਵੀ ਅਤੇ ਸੀਨੀਅਰ ਅਕਾਲੀ ਆਗੂ ਮੇਜਰ ਸਿੰਘ ਰਾਮਗੜ੍ਹ, ਆਦਿ ਹਾਜ਼ਰ ਸਨ।

ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੂੰ ਸਮਰਪਿਤ ਖ਼ੂਨਦਾਨ ਕੈਂਪ 18 ਨੂੰ

ਗੜ੍ਹਸ਼ੰਕਰ 13 ਫਰਵਰੀ (ਰਮਨਦੀਪ ਸਿੰਘ ਅਰੌੜਾ)- ਮਹਾਨ ਬੱਬਰ ਸ: ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੂੰ ਸਮਰਪਿਤ ਖ਼ੂਨਦਾਨ ਕੈਂਪ ਪਿੰਡ ਮੋਇਲਾ ਵਾਹਿਦਪੁਰ ਵਿਖੇ 18 ਫਰਵਰੀ ਨੂੰ ਲਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਦੀ ਜਾਣਕਾਰੀ ਦਿੰਦਿਆ ਸ: ਹਰਪ੍ਰੀਤ ਸਿੰਘ ਰਿੱਕੂ ਬੇਦੀ ਸਰਕਲ ਪ੍ਰਧਾਨ ਯੂਥ ਅਕਾਲੀ ਦਲ ਗੜ੍ਹਸ਼ੰਕਰ ਨੇ ਦੱਸਿਆ ਕਿ ਦੇਸ਼ ਦੀ ਅਜਾਦੀ ਲਈ ਨੇ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਦੇਸ਼ ਤੋਂ ਆਪਣੀ ਜਾਨਾਂ ਵਾਰੀਆਂ ਤੇ ਦੇਸ਼ ਨੂੰ ਅੰਗਰੇਜਾ ਤੋਂ ਆਜ਼ਾਦ ਕਰਾਉਣ 'ਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਾਲੀਆਂ ਨੂੰ ਕੌਮ ਕਦੇ ਨਹੀਂ ਭੁਲਾ ਸਕਦੀ। ਇਸ ਲਈ ਬੱਬਰਾਂ ਨੂੰ ਅਤੇ ਸ: ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੂੰ ਸਮਰਪਿਤ ਮਹਾਨ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ ਤਾਂ ਜੋ ਬੱਬਰਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਦੇ ਦਲਦਲ 'ਚ ਧਸਦੀ ਜਾ ਰਹੀ ਹੈ ਜਿਸ ਨੂੰ ਰੋਕਣ ਲਈ ਇਹ ਕੈਂਪ ਅਹਿਮ ਰੋਲ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਖ਼ੂਨਦਾਨ ਕੈਂਪ ਮੌਕੇ ਸ: ਜਤਿੰਦਰ ਸਿੰਘ ਲਾਲੀ ਬਾਜਵਾ ਜਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਹੁਸ਼ਿਆਰਪੁਰ ਮੁਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਬਲਬੀਰ ਸਿੰਘ ਚੰਗਿਆੜਾ ਨੂੰ ਉੱਤਮ ਕਾਰਗੁਜ਼ਾਰੀ ਵਿਸ਼ੇਸ਼ ਤੌਰ 'ਤੇ ਸਨਮਾਨਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਵਿੰਦਰ ਬਸਿਆਲਾ, ਕੁਲਵੰਤ ਸਿੰਘ ਬਿੱਟੂ ਬੇਦੀ, ਬਲਬੀਰ ਸਿੰਘ ਰੁੜਕੀ ਖਾਸ, ਅਨੇਕ ਸਿੰਘ ਬੇਦੀ, ਕਰਨੈਲ ਸਿੰਘ ਬਸਿਆਲਾ ਆਦਿ ਹਾਜਰ ਸਨ।

ਗੜ੍ਹਸ਼ੰਕਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਹਰਪ੍ਰੀਤ ਸਿੰਘ ਰਿੰਕੂ ਬੇਦੀ, ਗੁਰਵਿੰਦਰ ਬਸਿਆਲਾ, ਬਿੱਟੂ ਬੇਦੀ ਅਤੇ ਹੋਰ। ਫੋਟੋ: ਰਮਨਦੀਪ ਸਿੰਘ ਅਰੋੜਾ

ਪਿੰਡ ਰਾਏ ਚੋਬਦਾਰਾਂ 'ਚ ਸ਼ਿਵਰਾਤਰੀ ਦਾ ਦਿਹਾੜਾ ਮਨਾਏ ਜਾਣ ਦੇ ਦ੍ਰਿਸ਼।

ਮਰਨ ਉਪਰੰਤ ਦੋ ਦੀ ਜ਼ਿੰਦਗੀ ਨੂੰ ਕੀਤਾ ਰੌਸ਼ਨ

ਬੁਢਲਾਡਾ, 13 ਫਰਵਰੀ (ਦਵਿੰਦਰ ਸਿੰਘ ਕੋਹਲੀ)- ਬੁਢਲਾਡਾ ਨਿਵਾਸੀ ਪਰਵੀਨ ਦੀ ਮੌਤ ਤੋਂ ਬਾਅਦ ਪਰਿਵਾਰ ਵਾਲਿਆਂ ਨੇ ਉਸ ਦੀਆਂ ਅੱਖਾਂ ਨੇਤਰਦਾਨ ਸੰਮਤੀ ਬਰੇਟਾ ਨੂੰ ਦਾਨ ਕਰ ਦਿੱਤੀਆਂ। ਨੇਤਰਦਾਨ ਸੰਮਤੀ ਵਲੋਂ ਮ੍ਰਿਤਕ ਦੀ ਇੱਕ ਅੱਖ ਗੁਰਪ੍ਰਤਾਪ ਸਿੰਘ ਪੁੱਤਰ ਸਨਮਾਮ ਸਿੰਘ ਵਾਸੀ ਇਬਰਾਇਮ ਵਾਲਾ ਜ਼ਿਲ੍ਹਾ ਕਪੂਰਥਲਾ ਅਤੇ ਦੂਸਰੀ ਅੱਖ ਸਵਰਨ ਕੌਰ ਵਾਸੀ ਫੂਲ ਜ਼ਿਲ੍ਹਾ ਬਠਿੰਡਾ ਨੂੰ ਲਗਾ ਕੇ ਉਨ੍ਹਾਂ ਨੂੰ ਘੋਰ ਅੰਧੇਰੇ ਵਿੱਚੋਂ ਬਾਹਰ ਕੱਢਿਆ। ਇਸ ਤਰ੍ਹਾਂ ਪ੍ਰਵੀਨ ਕੁਮਾਰ ਨੇ ਮਰ ਕੇ ਵੀ ਦੋ ਵਿਅਕਤੀਆਂ ਦੀ ਜ਼ਿੰਦਗੀ ਨੂੰ ਰੌਸ਼ਨ ਕਰ ਦਿੱਤਾ।

ਮਹਾਂ ਸ਼ਿਵਰਾਤਰੀ ਦਾ ਦਿਹਾੜਾ ਪੂਰੀ ਸ਼ਰਧਾ ਨਾਲ ਮਨਾਇਆ

ਖੰਨਾ,13 ਫਰਵਰੀ (ਪਵਨ ਗੋਇਲ)- ਪਿੰਡ ਰਾਏਪੁਰ ਚੋਬਦਾਰਾਂ ਦੇ ਡੇਰਾ ਸਾਹਿਬ ਠਾਠ ਨਮੋਸਰ ਵਿਖੇ ਸੰਤ ਸੁਆਮੀ ਨਮੋਨਾਥ ਜੀ ਮਹਾਰਾਜ ਜੀ ਦੀ ਦੇਖ ਰੇਖ ਹੇਠ ਮਹਾਂ ਸ਼ਿਵਰਾਤਰੀ ਦਾ ਦਿਹਾੜਾ ਪੂਰੀ ਧੂਮ ਧਾਮ ਨਾਲ ਮਨਾਇਆਂ ਗਿਆ। ਇਸ ਮੌਕੇ 'ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਹਵਨ ਵੀ ਕਰਵਾਏ ਗਏ। ਉਪਰੰਤ ਭੰਡਾਰਾ ਅਤੁੱਟ ਵਰਤਾਇਆ ਗਇਆ। ਇਸ ਸ਼ੁੱਭ ਮੌਕੇ 'ਤੇ ਦੂਰੋ ਦੂਰੋ ਹਜ਼ਾਰਾ ਦੀ ਗਣਿਤੀ 'ਚ ਸੰਗਤਾ ਸ਼ਾਮਿਲ ਹੋਇਆਂ। ਸੰਗਤਾਂ ਇਲਾਵਾ ਤੋਂ ਸੰਤ ਸੁਖਦੇਵ ਮੁਨੀ, ਸੋਮਨਾਥ, ਜੈ ਦੇਵ ਨਾਥ, ਮੁਰਾਰੀ ਨਾਥ, ਜਗਨ ਨਾਥ, ਬਾਲਕ ਨਾਥ, ਝਿਲਮਿਲ ਨਾਥ, ਭਾਵਾਨੀ ਨਾਥ, ਬੁੱਧ ਨਾਥ, ਲਛਮਣ ਟਾਥ, ਅਮਰੀਕ ਨਾਥ, ਜਗਜੀਤ ਨਾਥ, ਸੰਭੂ ਨਾਥ, ਪ੍ਰੇਮ ਨਾਥ, ਧਰਮ ਨਾਥ, ਗੁਰਦਿਆਲ ਨਾਥ ਜੀ ਹਾਜ਼ਰ ਸਨ।

ਜਦੋਂ ਇਕ ਪਾਸੇ ਧੀ ਦੀ ਡੋਲੀ ਦੀ ਤਿਆਰੀ ਹੋਈ ਅਤੇ ਦੂਜੇ ਪਾਸੇ ਮਾਂ ਦੀ ਅਰਥੀ ਦੀ

ਨੰਗਲ 13 ਫਰਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਪਰਮਾਤਮਾ ਨੇ ਕਿਸੇ ਦੇ ਘਰ ਦੀਆਂ ਖੁਸ਼ੀਆਂ ਨੂੰ ਕਦੋਂ ਗਮੀਆਂ ਵਿੱਚ ਬਦਲ ਕੇ ਰੱਖ ਦੇਣਾ ਹੈ ਕਿਹਾ ਨਹੀਂ ਜਾ ਸਕਦਾ। ਨੰਗਲ ਸ਼ਹਿਰ ਦੇ ਸੀਨੀਅਰ ਅਕਾਲੀ ਆਗੂ ਰਹੇ ਅਤੇ ਸਾਬਕਾ ਐਮ. ਸੀ. ਸਵ. ਜਥੇਦਾਰ ਹੀਰਾ ਸਿੰਘ ਦੀ ਨੂੰਹ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਸਹਾਇਕ ਮੈਨੇਜਰ ਸ੍. ਮਨਜੀਤ ਸਿੰਘ ਦੀ ਧਰਮ ਪਤਨੀ ਪ੍ਰਿੰਸੀਪਲ ਪਰਮਜੀਤ ਕੌਰ ਦੀ 8-2-2010 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਇਕ ਹਸਪਤਾਲ ਵਿੱਚ ਉਸ ਸਮੇਂ ਮੌਤ ਹੋ ਗਈ ਜਦੋਂ ਘਰ ਵਿੱਚ ਕੁਝ ਘੰਟੇ ਬਾਅਦ ਪ੍ਰਿੰ. ਪਰਮਜੀਤ ਕੌਰ ਦੀ ਬੇਟੀ ਦੀ ਬਰਾਤ ਘਰ ਵਿੱਚ ਆਉਣੀ ਸੀ। ਇਸ ਅਚਨਚੇਤ ਮੌਤ ਦੇ ਕਾਰਣ ਘਰ ਵਿੱਚ ਖੁਸ਼ੀਆਂ ਦਾ ਮਹੌਲ ਗਮੀਆਂ ਵਿੱਚ ਬਦਲ ਗਿਆ। ਪ੍ਰਿੰਸੀਪਲ ਪਰਮਜੀਤ ਕੌਰ ਨੰਗਲ ਦੇ ਨਾਲ ਲਗਦੇ ਪਿੰਡ ਦੁਬੇਟਾ ਸਕੂਲ ਵਿੱਚ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਰਹੇ ਸਨ। ਉਹਨਾਂ ਦੀ ਬੇਵਕਤ ਮੌਤ ਤੇ ਨੰਗਲ ਦੀਆਂ ਧਾਰਮਿਕ, ਰਾਜਸੀ ਅਤੇ ਸਮਾਜਿਕ ਜਥੇਬੰਦੀਆਂ ਦੇ ਨੇਤਾਵਾਂ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਤ੍ਰਿਲੋਚਨ ਸਿੰਘ, ਸ਼ੋਮਣੀ ਅਕਾਲੀ ਦਲ ਨੰਗਲ ਦੇ ਪ੍ਰਧਾਨ ਰਣਜੀਤ ਸਿੰਘ, ਇੰਮਪਰੂਵਮੈਂਟ ਨੰਗਲ ਟਰੱਸਟ ਦੇ ਚੇਅਰਮੈਨ ਚੰਦਰ ਕੁਮਾਰ ਬਜਾਜ, ਐਸ.ਜੀ.ਪੀ.ਸੀ. ਮੈਂਬਰ ਗੁਰਿੰਦਰ ਸਿੰਘ ਗੋਗੀ, ਮਾਸਟਰ ਜਗੀਰ ਸਿੰਘ, ਸਮੂਹ ਗੁਰਦੁਆਰਾ ਤਾਲਮੇਲ ਕਮੇਟੀ ਦੇ ਪ੍ਰਧਾਨ ਰਜਿੰਦਰ ਸਿੰਘ, ਸੀਨੀਅਰ ਅਕਾਲੀ ਆਗੂ ਵਿਵੇਕ ਸਿੰਘ ਕੋਹਲੀ, ਜਗਦੇਵ ਸਿੰਘ ਕੁੱਕੂ, ਇੰਦਰਪਾਲ ਸਿੰਘ ਚੱਡਾ, ਕੁਲਦੀਪ ਸਿੰਘ, ਅੰਗੇਰਜ਼ ਸਿੰਘ, ਭਗਵਾਨ ਸਿੰਘ ਮਦਾਨ, ਦੀਵਾਨ ਸਿੰਘ ਮਦਾਨ, ਭਾਜਪਾ ਆਗੂ ਉਂਕਾਰ ਸਿੰਘ ਬੇਦੀ, ਪ੍ਰੇਮ ਕਪੂਰ, ਪ੍ਰੇਮ ਕੁਮਾਰ ਸ਼ਿਮਲਾ ਸਵੀਟ ਸ਼ਾਪ, ਜਿਲ੍ਹਾ ਰੋਪੜ ਯੁਵਾ ਮੋਰਚਾ ਦੇ ਪ੍ਰਧਾਨ ਸੰਜੀਵ ਸ਼ਰਮਾ, ਕਾਂਗਰਸੀ ਆਗੂ ਰਾਜ ਸਿੰਘ ਨੰਗਲ, ਡਾ. ਰਵਿੰਦਰ ਦੀਵਾਨ, ਸੰਦੀਪ ਗਿੱਲ, ਰਣਬਹਾਦੁਰ ਸਿੰਘ ਰਾਣਾ, ਨਰੇਸ਼ ਕੁਮਾਰ, ਵਪਾਰ ਮੰਡਲਾਂ ਦੇ ਪ੍ਰਧਾਨ ਮਰਤੰਜੇ ਪ੍ਰਸਾਦ, ਰਾਜੇਸ਼ ਚੌਧਰੀ, ਡਾ. ਸੰਜੀਵ ਗੌਤਮ, ਸਨਾਤਨ ਧਰਮ ਸਭਾ ਦੇ ਪ੍ਰਧਾਨ ਰਾਮੇਸ਼ ਗੁਲਾਟੀ, ਸੰਦੀਪ ਸ਼ਰਮਾ, ਮੁਲਾਜਮ ਆਗੂਆਂ ਅਵਤਾਰ ਸਿੰਘ, ਸਰਵਨ ਕੁਮਾਰ, ਰਾਜੇਸ਼ ਪੱਸੀਵਾਲ, ਸੰਜੀਵ ਸ਼ਰਮਾ, ਤਿਲਕ ਬਾਲੀ, ਅਮਿਤ ਸ਼ਰਮਾ, ਮਹਿੰਦਰ ਪਾਲ ਸ਼ਰਮਾ ਆਦਿ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਅੱਜ ਫੇਸ 9 ਸਹਿਬਜ਼ਾਦਾ ਅਜੀਤ ਸਿੰਘ ਨਗਰ ਗੁਰਦੁਆਰਾ ਸਾਹਿਬ ਵਿਖੇ ਪ੍ਰਿੰਸੀਪਲ ਸਵਰਗੀ ਬੀਬੀ ਪਰਮਜੀਤ ਕੌਰ ਦੀ ਅੰਤਿਮ ਅਰਦਾਸ ਹੋਵੇਗੀ।

ਹੋਲੀ ਮੌਕੇ ਵਿਸ਼ੇਸ਼ ਰੇਲ ਗੱਡੀਆਂ

ਹੋਲੀ ਦੇ ਤਿਓਹਾਰ ਦੇ ਮੱਦੇਨਜ਼ਰ ਯਾਤਰੀਆਂ ਦੀ ਸਹੂਲਤ ਲਈ ਉੱਤਰ ਰੇਲਵੇ ਵੱਲੋਂ ਵਿਸ਼ੇਸ਼ ਰੇਲ ਗੱਡੀਆਂ ਹੇਠ ਲਿਖੀ ਸਮਾਂ ਸਾਰਨੀ ਅਨੁਸਾਰ ਚਲਾਈਆਂ ਜਾਣਗੀਆਂ।

0418/0417 ਅਨੰਦ ਵਿਹਾਰ ਟਰਮੀਨਲ-ਗਯਾ-ਆਨੰਦ ਵਿਹਾਰ ਟਰਮੀਨਲ ਐਕਸਪ੍ਰੈਸ ਵਿਸ਼ੇਸ਼ ਰੇਲ ਗੱਡੀ

ਰੇਲ ਗੱਡੀ ਨੰ.0418 ਪਹੁੰਚ	ਰਵਾਨਗੀ	↓ ਸਟੇਸ਼ਨ ↑	ਰੇਲ ਗੱਡੀ ਨੰ.0417 ਪਹੁੰਚ	ਰਵਾਨਗੀ
---	23:45	ਅਨੰਦ ਵਿਹਾਰ ਟਰਮੀਨਲ-ਗਯਾ	16:15	---
16:00	---	ਗਯਾ	---	22:00

ਚੱਲਣ ਦੀ ਮਿਤੀ : 0418 ਅਨੰਦ ਵਿਹਾਰ ਟਰਮੀਨਲ ਤੋਂ ਮਿਤੀ 25 ਅਤੇ 27.2.2010 ਨੂੰ 0417 ਗਯਾ ਤੋਂ ਮਿਤੀ 26.2.2010 ਅਤੇ 2.3.2010 ਨੂੰ
ਠਹਿਰਾਅ : [illegible]
ਸਬਾਲ : 3 ਟੀਅਰ ਏਸੀ

0422/0421 ਅਨੰਦ ਵਿਹਾਰ ਟਰਮੀਨਲ-ਪਟਨਾ-ਆਨੰਦ ਵਿਹਾਰ ਟਰਮੀਨਲ-ਰਾਖਵੀਂ ਵਿਸ਼ੇਸ਼ ਰੇਲ ਗੱਡੀ

ਰੇਲ ਗੱਡੀ ਨੰ.0422 ਪਹੁੰਚ	ਰਵਾਨਗੀ	↓ ਸਟੇਸ਼ਨ ↑	ਰੇਲ ਗੱਡੀ ਨੰ.0421 ਪਹੁੰਚ	ਰਵਾਨਗੀ
---	17:40	ਅਨੰਦ ਵਿਹਾਰ ਟਰਮੀਨਲ	04:00	---
10:15	---	ਪਟਨਾ	---	12:35

ਚੱਲਣ ਦੀ ਮਿਤੀ : 0422 ਅਨੰਦ ਵਿਹਾਰ ਟਰਮੀਨਲ ਤੋਂ ਮਿਤੀ 22 ਅਤੇ 27.2.2010 ਨੂੰ 0421 ਪਟਨਾ ਤੋਂ ਮਿਤੀ 23.2.2010 ਅਤੇ 28.2.2010 ਨੂੰ
ਠਹਿਰਾਅ : ਗਾਜ਼ੀਆਬਾਦ, ਕਾਨਪੁਰ, ਇਲਾਹਾਬਾਦ, ਮੁਗਲ ਸਰਾਏ ਸਟੇਸ਼ਨ
ਸਬਾਲ : 2 ਟੀਅਰ ਏਸੀ, 3 ਟੀਅਰ ਏਸੀ, ਸਲੀਪਰ ਤੇ ਆਮ ਸ਼੍ਰੇਣੀ

0472/0471 ਲੁਧਿਆਣਾ-ਸਹਿਰਸਾ-ਅੰਬਾਲਾ ਅਣਰਾਖਵੀਂ ਐਕਸਪ੍ਰੈਸ ਵਿਸ਼ੇਸ਼ ਰੇਲ ਗੱਡੀ ਬਰਾਸਤਾ ਮੁਰਾਦਾਬਾਦ-ਸੀਤਾਪੁਰ ਛਾਉਣੀ-ਗੋਂਡਾ

ਰੇਲ ਗੱਡੀ ਨੰ.0472 ਪਹੁੰਚ	ਰਵਾਨਗੀ	↓ ਸਟੇਸ਼ਨ ↑	ਰੇਲ ਗੱਡੀ ਨੰ.0471 ਪਹੁੰਚ	ਰਵਾਨਗੀ
---	09:45	ਲੁਧਿਆਣਾ	---	---
12:05	12:10	ਅੰਬਾਲਾ ਛਾਉਣੀ	23:45	---
16:00	---	ਸਹਿਰਸਾ	---	17:30

ਚੱਲਣ ਦੀ ਮਿਤੀ : 0472 ਲੁਧਿਆਣਾ-ਸਹਿਰਸਾ ਤੋਂ ਮਿਤੀ 24 ਅਤੇ 27.2.2010 ਨੂੰ 0471 ਸਹਿਰਸਾ-ਅੰਬਾਲਾ ਤੋਂ ਮਿਤੀ 25.2.2010 ਅਤੇ 2.3.2010 ਨੂੰ
ਠਹਿਰਾਅ : [illegible]
ਸਬਾਲ : ਆਮ ਸ਼੍ਰੇਣੀ

0424/0423 ਅਨੰਦ ਵਿਹਾਰ ਟਰਮੀਨਲ-ਦਰਭੰਗਾ-ਅਨੰਦ ਵਿਹਾਰ ਟਰਮੀਨਲ ਐਕਸਪ੍ਰੈਸ ਵਿਸ਼ੇਸ਼ ਗੱਡੀ

ਰੇਲ ਗੱਡੀ ਨੰ.0424 ਪਹੁੰਚ	ਰਵਾਨਗੀ	↓ ਸਟੇਸ਼ਨ ↑	ਰੇਲ ਗੱਡੀ ਨੰ.0423 ਪਹੁੰਚ	ਰਵਾਨਗੀ
---	09:40	ਅਨੰਦ ਵਿਹਾਰ ਟਰਮੀਨਲ	23:15	---
07:15	---	ਦਰਭੰਗਾ	---	23:50

ਚੱਲਣ ਦੀ ਮਿਤੀ : 0424 ਅਨੰਦ ਵਿਹਾਰ ਟਰਮੀਨਲ ਤੋਂ ਮਿਤੀ 24 ਅਤੇ 27.2.2010 ਨੂੰ 0423 ਦਰਭੰਗਾ ਤੋਂ ਮਿਤੀ 25.2.2010 ਅਤੇ 1.3.2010 ਨੂੰ
ਠਹਿਰਾਅ : [illegible]
ਸਬਾਲ : 3 ਟੀਅਰ ਏ ਸੀ, ਸਲੀਪਰ ਤੇ ਆਮ ਸ਼੍ਰੇਣੀ

0416/0415 ਦਿੱਲੀ ਸਰਾਏ ਰੋਹਿਲਾ-ਪਟਨਾ-ਦਿੱਲੀ ਸਰਾਏ ਰੋਹਿਲਾ ਅਣਰਾਖਵੀਂ ਐਕਸਪ੍ਰੈਸ ਵਿਸ਼ੇਸ਼ ਰੇਲ ਗੱਡੀ

ਰੇਲ ਗੱਡੀ ਨੰ.0416 ਪਹੁੰਚ	ਰਵਾਨਗੀ	↓ ਸਟੇਸ਼ਨ ↑	ਰੇਲ ਗੱਡੀ ਨੰ.0415 ਪਹੁੰਚ	ਰਵਾਨਗੀ
---	12:00	ਦਿੱਲੀ ਸਰਾਏ ਰੋਹਿਲਾ	12:50	---
11:15	---	ਪਟਨਾ	---	13:00

ਚੱਲਣ ਦੀ ਮਿਤੀ : 0416 ਦਿੱਲੀ ਸਰਾਏ ਰੋਹਿਲਾ ਤੋਂ ਮਿਤੀ 25 ਅਤੇ 28.2.2010 ਨੂੰ 0415 ਪਟਨਾ ਤੋਂ ਮਿਤੀ 26.2.2010 ਤੋਂ 28.2.2010 ਤੱਕ ਅਤੇ 2.3.2010 ਨੂੰ
ਠਹਿਰਾਅ : [illegible]
ਸਬਾਲ : ਆਮ ਸ਼੍ਰੇਣੀ

ਉੱਤਰ ਰੇਲਵੇ

ਗਾਹਕਾਂ ਦੀ ਸੇਵਾ 'ਚ ਮੁਸਕਾਨ ਦੇ ਨਾਲ